2023 97246
24/7/2023


**ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ**
**ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ**

ਪੰਜਵੀਂ ਮੰਜ਼ਿਲ, ਬਲਾਕ ਈ, ਵਿੱਦਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਮੋਹਾਲੀ (ਪੰਜਾਬ)

ਫੋਨ ਨੰ ,5212367-0172 -:ਈਮੇਲ -meritorious.punjab@punjabeducation.gov.in


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)

ਡੀ.ਐਮ.,ਐਮ.ਆਈ.ਐਸ.,ਪੰਜਾਬ।

ਮੀਮੋ ਨੰ-: **ਐਮ.ਐਸ/.ਐਡਮਿੰਨ/38477/341(ਬੀ)/2023/** 203692-3725

ਮਿਤੀ-: 21.07.2023

ਵਿਸ਼ਾ:- **ਮੈਰੀਟੋਰੀਅਸ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2023-24 ਲਈ ਗਿਆਰਵੀਂ ਜਮਾਤ ਦੇ ਦਾਖਲੇ ਹਿੱਤ ਕਾਊਂਸਲਿੰਗ ਸਬੰਧੀ।**

**ਹਵਾਲਾ:** ਸੁਸਾਇਟੀ ਵੱਲੋਂ ਜਾਰੀ ਪੱਤਰ ਨੰ. ਐਮ.ਐਸ/.ਐਡਮਿੰਨ/2023/38477/181876-181909 ਮਿਤੀ:- 04.07.2023 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲਾਂ ਵਿੱਚ ਗਿਆਰਵੀਂ ਜਮਾਤ ਲਈ ਦਾਖਲਾ ਪ੍ਰਾਪਤ ਕਰਨ ਹਿੱਤ ਯੋਗ ਉਮੀਦਵਾਰਾਂ ਦੀ ਕਾਊਂਸਲਿੰਗ ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਾਲ ਨੱਥੀ ਲਿਸਟ ਅਨੁਸਾਰ ਅੰਕਿਤ ਸੰਸਥਾਵਾਂ ਵਿੱਚ ਮਿਤੀ 25.07.2023 ਤੋਂ 31.07.2023 ਤੱਕ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਹਰ ਜ਼ਿਲ੍ਹੇ ਲਈ ਨਿਗਰਾਨ ਅਫਸਰ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਦੀ ਲਿਸਟ ਨਾਲ ਨੱਥੀ ਹੈ। ਨਿਗਰਾਨ ਅਫਸਰ ਵੱਲੋਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਸੈਂਟਰ/ਸਕੂਲ/ਸੰਸਥਾ ਵਿੱਚ ਇੱਕ ਕਾਊਂਸਲਿੰਗ ਕਮੇਟੀ ਦਾ ਗਠਨ ਕੀਤਾ ਜਾਵੇ, ਜੋ ਕਿ ਕਾਊਂਸਲਿੰਗ ਲਈ ਆਏ ਉਮੀਦਵਾਰਾਂ ਦੇ ਮੈਰੀਟੋਰੀਅਸ ਸੁਸਾਇਟੀ ਵੱਲੋਂ ਮਿਤੀ 04.05.2023 ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਹਿੱਤ ਜਾਰੀ ਕੀਤੀ ਅਧਿਸੂਚਨਾ ਅਨੁਸਾਰ ਡਾਕੂਮੈਂਟ ਵੈਰੀਫਾਈ ਕਰਨ ਲਈ ਜ਼ਿੰਮੇਵਾਰ ਹੋਵੇਗੀ।

1.1 ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੇ ਦਸਵੀਂ ਜਮਾਤ ਪਾਸ ਕਰਨ ਸਮੇਂ ਘੱਟੋ ਘੱਟ 65% ਅੰਕ ਅਤੇ ਬਾਕੀ ਸਭ ਕੈਟਾਗਰੀ ਦੇ ਉਮੀਦਵਾਰਾਂ ਦੇ ਘੱਟੋ ਘੱਟ 70% ਅੰਕ ਹੋਣੇ ਚਾਹੀਦੇ ਹਨ, ਦਸਵੀਂ ਜਮਾਤ ਵਿੱਚ ਇਸ ਤੋਂ ਘੱਟ ਅੰਕਾਂ ਵਾਲੇ ਉਮੀਦਵਾਰਾਂ ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਾ ਵਿਚਾਰਿਆ ਜਾਵੇ।

1.2 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਅਤੇ ਪੰਜਾਬ ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੂਲਾਂ ਦੇ ਉਮੀਦਵਾਰਾਂ ਲਈ ਆਟਾ ਦਾਲ ਸਕੀਮ ਤਹਿਤ 10% ਸੀਟਾਂ ਰਾਖਵੀਆਂ ਹਨ।

Scanned with OKEN Scanner

ਇਨ੍ਹਾਂ ਉਮੀਦਵਾਰਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ ਨਵੀਨਤਮ (ਛੇ ਮਹੀਨੇ ਤੋਂ ਪੁਰਾਣਾ ਨਾ ਹੋਵੇ) ਆਟਾ ਦਾਲ ਸਮਾਰਟ ਕਾਰਡ ਲਾਜਮੀ ਤੌਰ ਤੇ ਹੋਵੇ। ਅਜਿਹਾ ਨਾ ਹੋਣ ਤੇ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਲਈ ਨਾ ਵਿਚਾਰਿਆ ਜਾਵੇ।

1.3 ਸਰੀਰਕ ਪੱਖੋਂ ਵਿਕਲਾਂਗ female ਉਮੀਦਵਾਰਾਂ ਲਈ 10% ਸੀਟਾਂ ਅਤੇ ਵਿਕਲਾਂਗ male ਉਮੀਦਵਾਰਾਂ ਲਈ 5% ਸੀਟਾਂ ਰਾਖਵੀਆਂ ਹਨ। ਅਜਿਹੇ ਉਮੀਦਵਾਰਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ 40% ਜਾਂ ਇਸ ਤੋਂ ਵੱਧ ਵਿਕਲਾਂਗਤਾ ਦਾ ਸਰਟੀਫਿਕੇਟ ਹੋਵੇ। ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਵਿਕਲਾਂਗਤਾ ਦਾ ਕਲੇਮ ਨਾ ਵਿਚਾਰਿਆ ਜਾਵੇ।

1.4 Women Headed Household ਕੈਟਾਗਰੀ ਤਹਿਤ 20% ਰਾਖਵਾਂਕਰਨ ਕੇਵਲ ਉਨ੍ਹਾਂ ਲੜਕੀਆਂ ਨੂੰ ਹੀ ਦਿੱਤਾ ਜਾਵੇ, ਜਿਨ੍ਹਾਂ ਕੋਲ ਮੈਰੀਟੋਰੀਅਸ ਸੁਸਾਇਟੀ ਦੇ ਨੋਟੀਫਿਕੇਸ਼ਨ ਅਨੁਸਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਪ੍ਰਮਾਣਿਤ ਸਰਟੀਫਿਕੇਟ ਹੋਵੇ।

1.5 ਮਿਤੀ 17.07.2023 ਨੂੰ ਜਾਰੀ ਕੀਤੀ ਜਨਤਕ ਸੂਚਨਾ ਰਾਹੀਂ ਅਪਲੋਡ ਕੀਤੇ ਰਿਜਲਟ ਵਿੱਚ ਕਈ ਉਮੀਦਵਾਰ ਅਜਿਹੇ ਪਾਏ ਗਏ ਹਨ, ਜੋ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਪਾਸ ਹਨ, ਪਰ OMR ਸੀਟ ਵਿੱਚ ਦਸਵੀਂ ਜਮਾਤ ਦਾ ਰੋਲ ਨੰਬਰ ਗਲਤ ਭਰਨ ਕਰਕੇ, ਉਨ੍ਹਾਂ ਉਮੀਦਵਾਰਾਂ ਦਾ ਦਸਵੀਂ ਜਮਾਤ ਦਾ ਨਤੀਜਾ ਸਹੀ ਨਹੀਂ ਦਰਸਾਇਆ ਜਾ ਸਕਿਆ, ਇਸ ਲਈ ਅਜਿਹੇ ਉਮੀਦਵਾਰਾਂ ਨੂੰ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਹੈ। ਜੋ ਉਮੀਦਵਾਰ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ Eligible ਹੈ, ਉਸ ਉਮੀਦਵਾਰ ਦਾ ਦਸਵੀਂ ਦਾ ਨਤੀਜਾ/ਸਰਟੀਫਿਕੇਟ ਚੈੱਕ ਕਰ ਲਿਆ ਜਾਵੇ। ਜੇਕਰ ਉਮੀਦਵਾਰ ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਹੈ ਅਤੇ ਉਸਦੇ ਦਸਵੀਂ ਜਮਾਤ ਵਿੱਚ ਘੱਟੋ ਘੱਟ 65% ਅੰਕ ਹਨ ਤਾਂ ਉਸ ਉਮੀਦਵਾਰ ਨੂੰ ਦਾਖਲੇ ਹਿੱਤ ਵਿਚਾਰ ਲਿਆ ਜਾਵੇ, ਪਰ ਦੂਜੀਆਂ ਸਾਰੀਆਂ ਕੈਟਾਗਰੀਆਂ ਦੇ ਪ੍ਰਵੇਸ਼ ਪ੍ਰੀਖਿਆਂ ਵਿੱਚੋਂ ਯੋਗ ਪਾਏ ਗਏ ਉਮੀਦਵਾਰਾਂ ਲਈ ਦਸਵੀਂ ਜਮਾਤ ਵਿੱਚੋਂ ਘੱਟੋ ਘੱਟ 70% ਅੰਕ ਪ੍ਰਾਪਤ ਕਰਨੇ ਲਾਜਮੀ ਹਨ।

ਇਸ ਦੇ ਨਾਲ ਹੀ ਮੈਰੀਟੋਰੀਅਸ ਸਕੂਲ ਦੇ ਦਾਖਲੇ ਸਬੰਧੀ ਜਾਰੀ ਅਧਿਸੂਚਨਾ ਮਿਤੀ 04.05.2023 (ਨਾਲ ਨੱਥੀ) ਅਨੁਸਾਰ ਉਮੀਦਵਾਰ ਨੂੰ ਦਾਖਲਾ ਦੇਣ ਸਬੰਧੀ ਬਾਕੀ ਸ਼ਰਤਾਂ ਵੀ ਵੇਖ ਲਈਆਂ ਜਾਣ।

2.0 ਜਿਹੜੇ ਉਮੀਦਵਾਰ SoE ਸਕੂਲਾਂ ਲਈ ਚੁਣੇ ਗਏ ਹਨ, ਪਰ ਹੁਣ ਉਹ ਮੈਰੀਟੋਰੀਅਸ ਸਕੂਲਾਂ ਵਿੱਚ ਮੈਰਿਟ ਅਨੁਸਾਰ ਯੋਗ ਹੋਣ ਤੇ ਦਾਖਲਾ ਲੈਣ ਦੇ ਚਾਹਵਾਨ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਤਿਆਰ ਕੀਤਾ ਜਾਵੇ:-

Scanned with OKEN Scanner

| ...ਆਰਥੀ ਨਾਮ | ਪਿਤਾ ਦਾ ਨਾਮ | ਜਨਮ ਮਿਤੀ | ਲੜਕਾ/ ਲੜਕੀ | ਜ਼ਿਲ੍ਹਾ | ਮੈਰੀਟੋਰੀਅਸ ਸਕੂਲ/ਜ਼ਿਲ੍ਹਾ ਜਿਸ ਵਿੱਚ ਦਾਖਲਾ ਪ੍ਰਾਪਤ ਕੀਤਾ ਜਾ ਰਿਹਾ ਹੈ | SoE ਸਕੂਲ/ਜ਼ਿਲ੍ਹਾ ਦਾ ਨਾਮ, ਜਿਸ ਵਿੱਚ ਪਹਿਲਾਂ ਚੋਣ ਹੋਈ ਹੈ | ਦਸਵੀਂ ਦਾ ਰੋਲ ਨੰ. | ਫੋਨ ਨੰ. | ਵਿਸ਼ੇਸ਼ ਕਥਨ |
|---|---|---|---|---|---|---|---|---|---|
| | | | | | | | | | |

ਕਿਸੇ ਵੀ ਜ਼ਿਲ੍ਹੇ ਦਾ ਉਮੀਦਵਾਰ ਆਪਣੇ ਨੇੜੇ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਮੈਰੀਟੋਰੀਅਸ ...ਉਂਸਲਿੰਗ ਸੈਂਟਰ ਵਿਖੇ ਦਾਖਲੇ ਹਿੱਤ ਕਾਊਂਸਲਿੰਗ ਲਈ ਹਾਜ਼ਰ ਹੋ ਸਕਦਾ ਹੈ।

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ

...ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-:

...ਮੂਹ ਪ੍ਰਿੰਸੀਪਲ, ਮੈਰੀਟੋਰੀਅਸ ਸਕੂਲ, ਨੂੰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨਾਲ ...ਾਲਮੇਲ ਕਰਕੇ ਲੋੜੀਦੇ ਪ੍ਰਬੰਧ ਕਰਨ ਹਿੱਤ।

...ੰਪਿਊਟਰ ਫੈਕਲਟੀ ਮੈਰੀਟੋਰੀਅਸ ਸਕੂਲਾਂ, ਨੂੰ ਸੂਚਨਾ ਅਤੇ ਉਮੀਦਵਾਰਾਂ ਦੀ ਕਾਊਂਸਲਿੰਗ ਵਿੱਚ ...ਹਾਇਤਾ ਕਰਨ ਹਿੱਤ।

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ- ਬ-6/2023/619 ਮਿਤੀ 24/7/23

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ/ਸਬੰਧਤ ਪ੍ਰਿੰਸੀਪਲਾਂ/ਮੁੱਖ ਅਧਿਆਪਕਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲ ਵਿੱਚ ਸੈਸ਼ਨ 2023-24 ਲਈ ਵਿਦਿਆਰਥੀ ਸਮੇਂ ਦੇ ਹਾਜ਼ਰ ਹੋ ਕੇ ਕਾਊਂਸਲਿੰਗ 25.07.2023 ਤੋਂ 31.07.2023 ਤੱਕ ਕਰਵਾਈ ~~[illegible]~~ ਜਾਣੀ ਯਕੀਨੀ ਬਣਾਉਣੀ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

24/7/23